# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਦੋ ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਦਾ ਮੰਤਵ ਤੇ ਮਹੱਤਵ

ਇਹ ਇਕ ਇਤਿਹਾਸਿਕ ਸੱਚ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ 'ਧੁਰ ਕੀ ਬਾਣੀ' ਦੇ ਪਾਵਨ-ਸੰਦੇਸ਼, ਮਾਨਵ-ਜੀਵਨ ਦੇ ਹਰ ਪ੍ਰਕਾਰ ਦੇ ਦੂਖ ਰੋਗ ਸੰਤਾਪ ਨੂੰ ਉਤਾਰਨ ਦੇ ਪੂਰੀ ਤਰ੍ਹਾਂ ਸਮਰਥ ਹਨ। ਜਦੋਂ ਵੀ ਕੋਈ ਪ੍ਰਾਣੀ ਇਕ ਮਨ ਇਕ ਚਿਤ ਹੋ ਕੇ ਇਸ ਧੁਰ ਕੀ ਬਾਣੀ ਦਾ ਸੂਝ ਬੂਝ ਨਾਲ ਪਾਠ ਕਰਦਾ ਅਤੇ ਵਿਚਾਰਦਾ ਹੈ ਤਾਂ ਉਸ ਦੀ ਮਾਨਸਿਕ ਅਵਸਥਾ ਵਿਚ ਸੁਤੇ ਸਿਧ ਪ੍ਰੀਵਰਤਨ ਆਉਂਦਾ ਹੈ। ਉਸਦੇ ਜੀਵਨ ਵਿਚ ਸੱਚ, ਆਚਾਰ ਵਿਚ ਸੱਚ, ਵਿਹਾਰ ਵਿਚ ਸੱਚ ਅਤੇ ਬੋਲ ਬਾਣੀ ਵਿਚ ਸੱਚ ਪ੍ਰਵੇਸ਼ ਕਰ ਜਾਂਦਾ ਹੈ ਜਿਸ ਦੇ ਫਲਸਰੂਪ ਉਸਦਾ ਸਮੁੱਚਾ ਜੀਵਨ ਸਤਿ, ਸੰਤੋਖ, ਦਇਆ, ਨਿਮਰਤਾ ਆਦਿ ਨੈਤਿਕ ਗੁਣਾ ਨਾਲ ਭਰਪੂਰ ਹੋ ਜਾਂਦਾ ਹੈ। ਦਰਅਸਲ ਜਿਸ ਕਿਸਮ ਦੇ ਮਾਨਵ-ਸਮਾਜ ਦੇ ਬਣਨ ਦੀ ਇੱਛਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਗਟ ਹੁੰਦੀ ਹੈ ਅਜੋਕੇ ਸਮੇਂ ਉਹੋ ਭਾਵਨਾ ਹੀ ਵਿਸ਼ਵ ਮਾਨਵ-ਜੀਵਨ ਵਿਚ ਇਕਸੁਰਤਾ, ਇਕਸਾਰਤਾ ਅਤੇ ਅਮਨ ਚੈਨ ਦੀ ਹਾਮੀ ਭਰ ਸਕਦੀ ਹੈ।

ਸਾਡੇ ਸਾਰਿਆਂ ਲਈ ਜਿਥੇ ਇਹ ਮਾਣ ਕਰਨ ਵਾਲੀ ਗੱਲ ਹੈ ਕਿ ਸਿੱਖ ਧਰਮ ਨੇ, ਵਿਸ਼ਵ ਭਰ ਦੇ ਧਰਮ-ਖੇਤਰ ਨਾਲ ਜੁੜੇ ਵਿਦਵਾਨਾਂ, ਅਧਿਆਪਕਾਂ ਅਤੇ ਧਰਮ-ਸ਼ਾਸ਼ਤਰੀਆਂ ਦਾ ਧਿਆਨ ਆਪਣੇ ਵਲ ਖਿਚਿਆ ਹੈ ਅਤੇ ਉਹ ਸਿੱਖ ਧਰਮ ਨੂੰ ਬੜੀ ਗੰਭੀਰਤਾ ਨਾਲ ਸਮਝਣ ਹਿਤ ਸਰਗਰਮੀ ਵਿਖਾ ਰਹੇ ਹਨ ਉਥੇ ਸਾਡੇ ਸਾਰਿਆਂ ਲਈ ਇਹ ਚਿੰਤਾਂ ਦਾ ਵਿਸ਼ਾ ਅਤੇ ਖ਼ਤਰੇ ਦੀ ਘੰਟੀ ਹੈ ਕਿ ਸਿੱਖ ਧਰਮ ਨਾਲ ਜੁੜੇ ਪਰਿਵਾਰ ਵੱਡੀ ਗਿਣਤੀ ਵਿਚ ਆਪਣੀ ਇਸ ਅਨਮੋਲ ਵਿਰਾਸਤ ਤੋਂ ਅਨਜਾਣ ਹੁੰਦੇ ਜਾ ਰਹੇ ਹਨ। ਮੈਂ ਮੰਨਦਾ ਹਾਂ ਕਿ ਅਜੋਕਾ ਮਾਨਵ-ਜੀਵਨ ਬਹੁਤ ਸਾਰੇ ਰੁਝੇਵਿਆਂ ਨਾਲ ਭਰਪੂਰ ਹੋ ਗਿਆ ਹੈ ਪਰ ਇਹ ਵੀ ਇਕ ਸੱਚ ਹੈ ਕਿ ਬਹੁਤ ਸਾਰੇ ਬੇਲੋੜੇ ਰੁਝੇਵੇਂ ਦੇਖਾ-ਦੇਖੀ ਅਸੀਂ ਆਪਣੇ ਨਾਲ ਜੋੜ ਲਏ ਹਨ ਜਿਨ੍ਹਾਂ ਤੋਂ ਬਚਕੇ ਵੀ ਵਧੀਆ ਜੀਵਨ ਜੀਵਿਆ ਜਾ ਸਕਦਾ ਹੈ। ਮੇਰੀ ਜਾਣਕਾਰੀ ਅਨੁਸਾਰ ਬਹੁਤ ਵੱਡੀ ਗਿਣਤੀ ਵਿਚ ਸਿਖ ਪਰਿਵਾਰ ਸਿਖ ਧਰਮ ਦੇ ਬੁਨਿਆਦੀ ਮੁਢਲੇ ਸਿਧਾਤਾਂ ਤੋਂ ਵੀ ਅਨਜਾਣ ਹਨ। ਪਰਿਵਾਰ ਦੇ ਵਡ-ਵਡੇਰੇ ਵੀ ਇਸ ਅਗਿਆਨਤਾ ਦਾ ਸ਼ਿਕਾਰ ਹਨ ਜਿਸ ਕਾਰਨ ਉਨ੍ਹਾਂ ਦਾ ਆਪਣੇ ਬਚਿਆਂ ਨਾਲੋਂ ਸੰਪਰਕ ਟੁਟਿਆ ਹੋਇਆ ਹੈ।

ਉਪਰੋਕਤ ਸਮੱਸਿਆਵਾਂ ਦੇ ਸਮਾਧਾਨ ਲਈ ਸਿਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਨੇ ਆਪਣੇ ਫਰਜ਼ਾਂ ਦੀ ਪਾਲਨਾ ਕਰਦਿਆਂ ਇਕ ਸ਼ਾਲਾਘਾਯੋਗ ਉਦਮ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਨ-ਕਲਿਆਣਕਾਰੀ ਅਕਾਲੀ ਸੰਦੇਸ਼ ਨੂੰ ਸੰਸਾਰੀ ਮਾਨਵ ਦੇ ਘਰ-ਘਰ ਪਹੁੰਚਾਇਆ ਜਾਵੇ। ਇਸ ਸੰਦਰਭ ਵਿਚ ਆਮ ਜਗਿਆਸੂਆਂ ਅਤੇ ਵਿਦਿਆਰਥੀਆਂ ਦੀ ਜਗਿਆਸਾ ਪੂਰੀ ਕਰਨ ਹਿਤ, ਗੁਰਬਾਣੀ, ਗੁਰ-ਇਤਿਹਾਸ, ਸਿਖ ਸਿਧਾਂਤ, ਸਿਖ ਸਭਿਆਚਾਰ, ਗੁਰਮਤਿ ਸੰਗੀਤ ਆਦਿ ਨੂੰ ਉਨ੍ਹਾਂ ਦੇ ਘਰਾਂ ਦੇ ਦਰਵਾਜ਼ਿਆਂ ਤਕ ਕਿਵੇਂ ਪਹੁੰਚਾਇਆ ਜਾਵੇ ਇਸ ਨੂੰ ਕਮੇਟੀ ਨੇ ਗੰਭੀਰਤਾ ਨਾਲ ਵਿਚਾਰਦਿਆਂ ਇਸ ਕਾਰਜ-ਪੂਰਤੀ ਲਈ 'ਦੋ ਸਾਲਾ ਸਿਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ' ਆਰੰਭ ਕਰਦਿਆਂ ਇਕ ਵੱਖਰਾ ਡਾਇਰੈਕਟੋਰੇਟ ਸਥਾਪਤ ਕਰ ਦਿਤਾ ਹੈ। ਇਹ ਵਿਭਾਗ ਸਿਖ ਧਰਮ ਦੇ ਹਰ ਪਹਿਲੂ ਬਾਰੇ ਮੁੱਢਲੀ ਲੋੜੀਂਦੀ ਜਾਣਕਾਰੀ ਡਾਕ-ਪ੍ਰਣਾਲੀ ਰਾਹੀਂ ਬਿਨਾਂ ਕਿਸੇ ਖਰਚੇ ਤੋਂ ਮੁਫਤ ਜਗਿਆਸੂਆਂ ਦੇ ਘਰ-ਘਰ ਪਹੁੰਚਾਏਗਾ। ਇਸ ਵਿਭਾਗ ਦੇ ਡਾਇਰੈਕਟਰ, ਸਿੱਖ ਧਰਮ ਦੇ ਬਹੁਤ ਹੀ ਪ੍ਰਸਿੱਧ ਵਿਦਵਾਨ ਡਾ: ਜਸਬੀਰ ਸਿੰਘ ਸਾਬਰ ਨਿਯੁਕਤ ਕੀਤੇ

ਗਏ ਹਨ ਜਿਨ੍ਹਾਂ ਨੇ ੩੪ ਸਾਲ ਤੋਂ ਵਧੀਕ ਸਮਾਂ ਯੂਨੀਵਰਸਿਟੀ ਵਿਚ ਸਿਖ ਧਰਮ ਅਧਿਐਨ ਦੇ ਖੋਜ-ਕਾਰਜਾਂ, ਅਧਿਆਪਨ ਅਤੇ ਗੁਰਮਤਿ-ਸੰਗੀਤ ਖੇਤਰ ਵਿਚ ਵਡਮੁਲੀ ਸੇਵਾ ਕੀਤੀ ਹੈ।

ਇਹ ਦੋ ਸਾਲਾ ਸਿਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਇਸ ਸਮੇਂ ਪੰਜਾਬੀ ਤੇ ਹਿੰਦੀ ਭਾਸ਼ਾ ਵਿਚ ਚਲ ਰਿਹਾ ਹੈ ਅਤੇ ਜਲਦੀ ਹੀ ਅੰਗ੍ਰੇਜ਼ੀ ਵਿਚ ਵੀ ਸ਼ੁਰੂ ਜੋ ਜਾਵੇਗਾ। ਇਸ ਕੋਰਸ ਵਿਚ ਦਾਖਲਾ ਲੈਣ ਲਈ ਦਸਵੀਂ ਜਮਾਤ ਤੋਂ ਅਗੇ ਪੜ੍ਹਨ ਵਾਲੇ ਸਕੂਲਾਂ ਕਾਲਜਾਂ ਦੇ ਹਰੇਕ ਡਸਿਪਲਨ (ਆਰਟਸ, ਸੋਸ਼ਲ ਸਾਇੰਸ, ਕਾਮਰਸ਼, ਮੈਡੀਕਲ, ਨਾਨ-ਮੈਡੀਕਲ, ਆਦਿ) ਦੇ ਵਿਦਿਆਰਥੀ, ਅਧਿਆਪਕ, ਸਰਕਾਰੀ ਗੈਰ ਸਰਕਾਰੀ ਕਰਮਚਾਰੀ, ਅਧਿਕਾਰੀ, ਵਪਾਰੀ, ਡਾਕਟਰ, ਵਕੀਲ, ਸਿਆਸੀ, ਸਮਾਜੀ, ਧਾਰਮਿਕ ਆਗੂ, ਰੀਟਾਇਰ ਹੋ ਚੁਕੇ ਵੀਰ ਤੇ ਭੈਣਾਂ ਆਦਿ ਸਾਰੇ ਹੀ ਯੋਗ ਹਨ। ਉਮਰ ਦੀ ਕੋਈ ਸੀਮਾ ਨਿਸਚਿਤ ਨਹੀਂ। ਵਿਦਿਆਰਥੀਆਂ ਨੂੰ ਲੋੜੀਂਦੀ ਭਾਸ਼ਾ ਚੰਗੀ ਤਰਾਂ ਪੜ੍ਹਨੀ ਲਿਖਣੀ ਆਉਣੀ ਜ਼ਰੂਰੀ ਹੈ।

ਇਹ ਕੋਰਸ ਪੂਰੇ ਦੋ ਸਾਲ ਦਾ ਹੈ ਅਤੇ ਮੁਫਤ ਕਰਾਇਆ ਜਾਂਦਾ ਹੈ। ਇਸ ਦੀ ਕੋਈ ਫੀਸ ਆਦਿ ਨਹੀ ਲਈ ਜਾਂਦੀ। ਕੇਵਲ ਆਰੰਭ ਵਿਚ ਨਾਂ ਰਜਿਸਟਰਡ ਕਰਾਉਣ ਲਈ ਇਕੋ ਵਾਰ 100 ਰੁਪੈ, 30 ਅਮਰੀਕੀ ਡਾਲਰ ਜਾਂ 20 ਪੌਂਡ ਹੀ ਦੇਣੇ ਪੈਂਦੇ ਹਨ। ਪੂਰੇ ਦੋ ਸਾਲਾ ਕੋਰਸ ਦਾ ਬਾਕੀ ਸਾਰਾ ਖਰਚਾ ਧਰਮ ਪ੍ਰਚਾਰ ਕਮੇਟੀ ਵਲੋਂ ਕੀਤਾ ਜਾ ਰਿਹਾ ਹੈ।

ਆਓ, ਸਿਖ ਧਰਮ ਬਾਰੇ ਘਰ ਬੈਠਿਆਂ ਭਰਪੂਰ ਤੇ ਪ੍ਰਮਾਣਿਕ ਮੁਢਲੀ ਜਾਣਕਾਰੀ ਮੁਫਤ ਪ੍ਰਾਪਤ ਕਰਨ ਦੇ ਇਸ ਸੁਨੈਹਰੀ ਅਵਸਰ ਦਾ ਭਰਪੂਰ ਲਾਹਾ ਲੈਣ ਲਈ ਇਸ ਕੋਰਸ ਨਾਲ ਵਡੀ ਗਿਣਤੀ ਵਿਚ ਜੁੜੀਏ।

ਮੈਨੂੰ ਪੂਰਨ ਆਸ ਹੈ ਕਿ ਜਿਸ ਤਰ੍ਹਾਂ ਦਾ ਅੱਜ ਸਿਖ ਧਰਮ ਬਾਰੇ ਅਨਮਤੀਆਂ ਅਤੇ ਡੇਰਾਵਾਦੀਆਂ ਵਲੋਂ ਭੋਲੇ ਭਾਲੇ ਲੋਕਾਂ ਨੂੰ ਬੇਲੋੜਾ ਝੂਠਾ ਪ੍ਰਚਾਰ ਕਰਕੇ ਭਰਮ ਭੁਲੇਖਿਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਅਤੇ ਆਪਣੇ ਵਿਰਸੇ ਤੋਂ ਅਨਜਾਣ ਨੌਜੁਆਨਾਂ ਵਿਚ ਨਸ਼ਿਆਂ ਦਾ ਸੇਵਨ ਕਰਨ ਦੀ ਬੀਮਾਰੀ ਤੇ ਪਤਿਤਪੁਣੇ ਦੇ ਫੈਸ਼ਨ ਦੀ ਲਾਚਾਰੀ ਆਦਿ ਨੂੰ ਠਲ ਪਾਉਣ ਲਈ ਆਰੰਭ ਕੀਤਾ ਗਿਆ ਇਹ 'ਦੋ ਸਾਲਾ ਸਿਖ ਧਰਮ ਅਧਿਐਨ ਪਤਰ-ਵਿਹਾਰ ਕੋਰਸ' ਇਕ ਨਿਘਰ ਤੇ ਸਾਰਥਿਕ ਭੂਮਿਕਾ ਨਿਭਾਏਗਾ।

**ਅਵਤਾਰ ਸਿੰਘ (ਜਥੇਦਾਰ)**

ਪ੍ਰਧਾਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।